ਪੰਜਾਬੀ ਸੂਬੇ ਦੇ ਵਿਸਾਰੇ ਸ਼ਹੀਦ !

੧੨ ਜੂਨ ੧੯੬੦



ਬਲਦੀਪ ਸਿੰਘ ਰਾਮੂੰਵਾਲੀਆ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਪੰਜਾਬੀ ਸੂਬੇ ਦੇ ਵਿਸਾਰੇ ਸ਼ਹੀਦ !

੧੨ ਜੂਨ ੧੯੬੦

ਬਲਦੀਪ ਸਿੰਘ ਰਾਮੂੰਵਾਲੀਆ

ਜਨਵਰੀ ੧੯੬੦ ਵਿੱਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਥੱਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਅਕਾਲੀਆਂ ਨੇ ਪ੍ਰਤਾਪ ਸਿੰਘ ਕੈਰੋਂ (ਮੁਖ ਮੰਤਰੀ ਪੰਜਾਬ) ਦੀ ਸ਼ੈਅ ਤੇ ਬਣੇ ਸਾਧ ਸੰਗਤ ਬੋਰਡ ਨੂੰ ਹਰਾ ਕੇ ਜਿੱਤ ਹਾਸਿਲ ਕੀਤੀ । ਅਕਾਲੀਆਂ ਦੀਆਂ ਜਿੱਤੀਆਂ ੧੩੬ ਸੀਟਾਂ ਦੇ ਮੁਕਾਬਲੇ ਤੇ ਕਾਂਗਰਸੀ ਸਾਧ ਸੰਗਤ ਬੋਰਡ ਨੂੰ ੪ ਹੀ ਸੀਟਾਂ ਹਾਸਲ ਹੋਈਆਂ; ਤੇ ਦੂਜੇ ਬੰਨੇ ਕਮਿਊਨਿਸਟ ਪਾਰਟੀ ਆਲੇ ਦੇਸ਼ ਭਗਤ ਬੋਰਡ ਦਾ ਬਿਲਕੁਲ ਬਿਸਤਰਾ ਗੋਲ ਹੋ ਗਿਆ।

ਉਧਰ ਹੁਣ ਮਾਸਟਰ ਜੀ ਨੇ ਨਵੀਂ ਬਣੀ ਕਮੇਟੀ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਨਮੁਖ ੨੪ ਜਨਵਰੀ ੧੯੬੦ ਈਸਵੀ ਨੂੰ ਅਰਦਾਸ ਸੋਧੀ ਗਈ ਕਿ ਸਭ ਸੱਜਣ "ਪੰਜਾਬੀ ਸੂਬੇ" ਦੀ ਪ੍ਰਾਪਤੀ ਲਈ ਲਈ ਆਪਣਾ ਤਨ, ਮਨ, ਧਨ ਸਭ ਕੁਝ ਨਿਛਾਵਰ ਕਰ ਦੇਣਗੇ। ਅਕਾਲੀ ਦਲ ਨੇ ਇਸ ਸਮੇਂ ਕਾਂਗਰਸ ਵਿੱਚ ਸ਼ਾਮਲ ਹੋਏ ਆਪਣੇ ਪੁਰਾਣੇ ਸਾਥੀਆਂ ਨੂੰ ਅਸਤੀਫਾ ਦੇਣ ਲਈ ਕਿਹਾ।ਪਰ ਲਾਲਚੀ ਬ੍ਰਿਤੀ ਹਾਵੀ ਹੋਵਣ ਕਾਰਨ ਉਸ ਵਕਤ ਅਸੈਂਬਲੀ ਦੇ ੨੪ ਚੋਂ ਪੰਜ ਐਮ ਐਲ ਏ ਹੀ ਬਾਹਰ ਆਏ; ਜਿਨ੍ਹਾਂ ਦੇ ਨਾਮ ਸਨ ਸ.ਸਰੂਪ ਸਿੰਘ ,ਸ. ਆਤਮਾ ਸਿੰਘ, ਸ.ਹਰਗੁਰਅਨਾਦ ਸਿੰਘ, ਸ. ਊਧਮ ਸਿੰਘ ਅਤੇ ਮਾਸਟਰ ਪ੍ਰਤਾਪ ਸਿੰਘ । ਪਾਰਲੀਮੈਂਟ ਮੈਂਬਰਾਂ ਵਿਚੋਂ ਕਿਸੇ ਨੇ ਅਸਤੀਫਾ ਨ ਦਿੱਤਾ।

ਮਾਸਟਰ ਤਾਰਾ ਸਿੰਘ ਹੁਣਾ ਅਪ੍ਰੈਲ ੧੯੬੦ ਵਿੱਚ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦਿੱਤਾ ਤਾਂ ਕੇ ਉਹ ਨਿੱਠ ਕੇ ਪੰਜਾਬੀ ਸੂਬੇ ਲਈ ਕਾਰਜ ਕਰ ਸਕਣ । ਉਧਰ ਇਸੇ ਸਮੇਂ ਵਿੱਚ ੧੯੪੭ ਵਿੱਚ ਲਹਿੰਦੇ ਪੰਜਾਬ ਵਿਚੋਂ ਉਜੜ ਕੇ ੨੦ ਹਜ਼ਾਰ ਸਿੱਖ ਪਰਿਵਾਰ ਜੋ ਨੈਨੀਤਾਲ ਦੇ ਕੇ ਤਰਾਈ ਦੇ ਇਲਾਕੇ ਵਿੱਚ ਸਰਕਾਰ ਨੇ ਵਸਾਏ ਸਨ , ਤੇ ਇਸ ਵੀ ਜੰਗਲੀ ਇਲਾਕੇ ਦੇ ਵਿਕਾਸ ਵਾਸਤੇ ਇਹਨਾਂ ਸਰਦਾਰਾਂ ਨੇ ਸਿਰ ਤੋੜ ਮਿਹਨਤ ਕਰ ਇਸਨੂੰ ਜ਼ਰਖੇਜ ਬਣਾਇਆ । ਅਜੇ ਇਹ ਇਲਾਕਾ ਸਹੀ ਢੰਗ ਨਾਲ ਵਸਿਆ ਤੇ ਵਿਗਸਿਆ ਵੀ ਨਹੀਂ ਸੀ ਕਿ ਇਹਨਾਂ ਨੂੰ ਇਥੋਂ ਉਜਾੜਣ ਲਈ ਸਰਕਾਰ ਨੇ ਸਰਕੂਲਰ ਜਾਰੀ ਕੀਤਾ। ਪੰਜਾਬੋਂ ਬਾਹਰ ਦੇ ਸਿੱਖਾਂ ਨਾਲ ਵਾਪਰੀ ਇਸ ਘਟਨਾਂ ਨੇ ਪੰਜਾਬੀ ਸੂਬਾ ਲਹਿਰ ਨੂੰ ਕਾਫੀ ਵਧ ਉਲਾਰਾ ਦਿੱਤਾ।

ਇਸ ਸੂਬੇ ਦੀ ਪ੍ਰਾਪਤੀ ਪ੍ਰਤੀ ਅਕਾਲੀਆਂ ਵਿੱਚ ਦ੍ਰਿੜਤਾ ਭਰਨ ਦਾ ਇਹਨੀ ਦਿਨੀ ਇਕ ਕਾਰਨ ਇਹ ਵੀ ਬਣਿਆ ਸੀ ਕਿ ਆਰੀਆ ਸਮਾਜੀਆਂ ਦੁਆਰਾ , ਹਿੰਦੂ ਭਰਾਵਾਂ ਨੂੰ ਪੰਜਾਬੀ ਸੂਬੇ ਪ੍ਰਤੀ ਵਿਰੋਧ ਵਿੱਚ ਖੜਾ ਕੀਤਾ ਜਾ ਰਿਹਾ ਸੀ । ਸਨਾਤਨ ਧਰਮ ਪ੍ਰਚਾਰ ਸਭਾ ਦੀ ਐਗਜੈਕਟਿਵ ਕਮੇਟੀ ਨੇ ਮਾਰਚ ੧੯੬੦ ਵਿੱਚ ਅੰਮ੍ਰਿਤਸਰ ਦੇ ਕੇ ਕਥਾ ਭਵਨ ਵਿੱਚ ੧੦੦ ਉੱਘੇ ਹਿੰਦੂ ਭਰਾਵਾਂ ਦੀ ਸਭਾ ਵਿੱਚ ੨੬ ਮੈਂਬਰੀ ਭਾਸ਼ਾ ਕਮੇਟੀ ਵਿੱਚ ਕੰਮ ਕਰ ਰਹੇ ਦੋ ਸੱਜਣਾ ਨੂੰ ਇਹ ਫੁਰਮਾਨ ਜਾਰੀ ਕੀਤਾ ਕਿ ਪੰਜਾਬੀ ਸੂਬੇ ਦੀ ਵੰਡ ਜੋ ਪੰਜਾਬੀ ਭਾਸ਼ਾ ਦੇ ਆਧਾਰ ਤੇ ਅਕਾਲੀ ਮੰਗ ਰਹੇ ਹਨ, ਸਿੱਧੇ ਜਾਂ ਅਸਿੱਧੇ ਢੰਗ ਨਾਲ ਬਿਲਕੁਲ ਵੀ ਪੂਰੀ ਨ ਹੋਣ ਦਿੱਤੀ ਜਾਵੇ।

ਮਾਸਟਰ ਤਾਰਾ ਸਿੰਘ ਨੇ ਇਹਨ੍ਹਾਂ ਸਾਰੀਆਂ ਘਟਨਾਵਾਂ ਨੂੰ ਚਣੌਤੀ ਦੇ ਰੂਪ ਵਿੱਚ ਲੈਂਦਿਆਂ ;ਮੰਜੀ ਸਾਹਿਬ ਦੀਵਾਨ ਹਾਲ ਤੋਂ ਇਹ ਸ਼ਬਦ ਬੋਲੇ ਗਏ " ਅਸੀਂ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਦ੍ਰਿੜ ਹਾਂ। ਅਸੀਂ ਜਿੱਤਾਂਗੇ ਜਾਂ

ਮਰਾਂਗੇ। ਅਸੀਂ ਹਾਰ ਨਹੀਂ ਮੰਨਾਂਗੇ।"ਇਸ ਸਮੇਂ ਵਿੱਚ ਹੀ ੨੨ ਮਈ ੧੯੬੦ ਨੂੰ ਅੰਮ੍ਰਿਤਸਰ ਵਿੱਚ "ਪੰਜਾਬੀ ਸੂਬਾ ਕਨਵੈਨਸ਼ਨ" ਹੋਈ। ਇਸ ਦਾ ਮਨੋਰਥ ਪੰਜਾਬ , ਪੰਜਾਬੀ ਤੇ ਪੰਜਾਬੀਅਤ ਦਾ ਪ੍ਰਗਟਾਵਾ ਕਰਨਾ ਸੀ। ਸਭ ਤੋਂ ਖਾਸ ਗੱਲ ਇਸ ਕਨਵੈਨਸ਼ਨ ਦੀ ਪ੍ਰਧਾਨਗੀ 'ਪੰਡਿਤ ਸੁੰਦਰ ਲਾਲ' ਨੇ ਕੀਤੀ। ਮਸ਼ਹੂਰ ਅਜ਼ਾਦੀ ਘੁਲਾਟੀਏ ਡਾ.ਸੈਫੂਦੀਨ ਕਿਚਲੂ ਨੇ ਪੰਜਾਬੀ ਸੂਬੇ ਦੀ ਹਮਾਇਤ ਵਿੱਚ ਆਪਣੇ ਲੈਕਚਰ ਨਾਲ ਇਸਦਾ ਉਦਘਾਟਨ ਕੀਤਾ। ਇਸਤੋਂ ਬਿਨਾਂ ਸੁੰਤਤਰ ਪਾਰਟੀ, ਪਰਜਾ ਸੋਸ਼ਲਿਸਟ ਪਾਰਟੀ ਅਤੇ ਸੰਯੁਕਤ ਸੋਸ਼ਲਿਸਟ ਪਾਰਟੀ ਦੇ ਸੱਜਣ ਵੀ ਪੁੱਜੇ। ਸਭ ਤੋਂ ਵੱਡੀ ਗੱਲ 'ਸਰਵ ਭਾਰਤ ਭਾਸ਼ਾਈ ਰਾਜ ਕਾਨਫਰੰਸ' ਦੇ ਜਨਰਲ ਸਕੱਤਰ ਸ੍ਰੀ ਕੇ.ਜੀ.ਜੋਧ ਨੇ ਪੰਜਾਬੀ ਸੂਬੇ ਦੇ ਹੱਕ ਵਿੱਚ ਜ਼ੋਰਦਾਰ ਦਲੀਲਾਂ ਵਾਲਾ ਲੈਕਚਰ ਦਿੱਤਾ। ਇਸ ਕਨਵੈਨਸ਼ਨ ਵਿੱਚ ਹਿੰਦੂ ਭਰਾਵਾਂ ਤੇ ਮੁਸਲਿਮ ਭਰਾਵਾਂ ਨੇ ਵਧ ਚੜ ਕੇ ਹਿੱਸਾ ਲਿਆ। ਪੰਜਾਬੀ ਸੂਬੇ ਪ੍ਰਤੀ ਮੁਖ ਮਤਾ ਗੁਰਨਾਮ ਸਿੰਘ ਹੁਣਾ ਪੇਸ਼ ਕੀਤਾ ਜੋ ਸਰਬ ਸੰਮਤੀ ਨਾਲ ਪਾਸ ਹੋਇਆ। ਇਸ ਕਨਵੈਨਸ਼ਨ ਨੇ ਨਹਿਰੂ , ਕੈਰੋਂ , ਦਰਬਾਰਾ ਸਿੰਘ ਆਦਿ ਦੀ ਨੀਂਦ ਹਰਾਮ ਕਰ ਦਿੱਤੀ।

ਮਈ ੧੯੬੦ ਨੂੰ ਮਾਸਟਰ ਤਾਰਾ ਸਿੰਘ ਨੇ ਦਿੱਲੀ ਵੱਲ ਟੁਰਦਿਆਂ ਐਲਾਨ ਕੀਤਾ ਹੈ ਕਿ ਪੰਜਾਬੀ ਸੂਬੇ ਦੀ ਕਾਇਮੀ ਨੂੰ ਲੈ ਕੇ ੧੨ ਜੂਨ ਨੂੰ ਦਿੱਲੀ ਵਿਖੇ ਇਕ ਭਾਰੀ ਰਾਜਨੀਤਕ ਜਲੂਸ ਕੱਢਿਆ ਜਾਵੇਗਾ ਤੇ ਨਾਲ ਹੀ ਇਹ ਵੀ ਕਿਹਾ ਕਿ ਉਹ ਰਾਸਤੇ ਵਿਚ ਪੈਂਦੇ ਗੁਰਧਾਮਾਂ ਤੇ ਹਾਜ਼ਰੀ ਭਰਕੇ ਸੰਗਤਾਂ ਨੂੰ ਇਸ ਜਲੂਸ ਵਿੱਚ ਪਹੁੰਚਣ ਲਈ ਪ੍ਰੇਰਨਾ ਦੇਣਗੇ। ਕੈਰੋਂ ਨੇ ਝੱਟ ੨੪ ਮਈ ਨੂੰ ਮਾਸਟਰ ਤਾਰਾ ਸਿੰਘ ਸਮੇਤ ਪੂਰੇ ਪੰਜਾਬ ਵਿਚੋਂ ਸਿਰ ਕੱਢਵੇਂ ੨੦੦ ਅਕਾਲੀ ਲੀਡਰ ਗ੍ਰਿਫਤਾਰ ਕਰਕੇ ਬਲਦੀ ਤੇ ਤੇਲ ਦਾ ਕੰਮ ਕੀਤਾ । ਮਾਸਟਰ ਜੀ ਨੂੰ ਪ੍ਰੀਵੈਟਿਵ ਡੀਟੈਨਸਨ ਐਕਟ ਅਧੀਨ ਤੇ ਬਾਕੀਆਂ ਨੂੰ ਜ਼ਾਬਤਾ ਫੌਜਦਾਰੀ ੧੦੭/੧੫੧ ਅਧੀਨ ਗ੍ਰਿਫਤਾਰ ਕੀਤਾ ਗਿਆ।

www.archive.org/details/namdhari

ਮੈਜਿਸਟਰੇਟ ਨੇ ਜਮਾਨਤ ਵਾਸਤੇ ੫੦ ਹਜ਼ਾਰ ਤੋਂ ਇੱਕ ਲੱਖ ਰੁਪਏ ਤੱਕ ਦੀ ਮੰਗ ਕੀਤੀ।

ਕੁਰਸੀ ਦੇ ਨਸ਼ੇ ਵਿੱਚ ਅੰਨੇ ਹੋਏ ਕੈਰੋਂ ਨੇ ਪੁਲਿਸ ਜ਼ਰੀਏ ੨੫ ਮਈ ਨੂੰ ਸ਼੍ਰੋਮਣੀ ਅਕਾਲੀ ਦਲ ਦੀਆਂ ਅਖ਼ਬਾਰਾਂ ਅਕਾਲੀ ਅਤੇ ਪ੍ਰਭਾਤ ਨੂੰ ਬੰਦ ਕਰਨ ਲਈ ; ਉਹਨਾਂ ਦੇ ਐਡੀਟਰਾਂ ਸਮੇਤ ਸਟਾਫ਼ ਨੂੰ ਚੁਕਵਾ ਕੇ ਹਵਾਲਾਤ ਅੰਦਰ ਕਰਵਾ ਦਿੱਤਾ। ੨੬ ਨੂੰ ਦੋਨਾਂ ਅਖ਼ਬਾਰਾਂ ਦੀਆਂ ਪ੍ਰੈਸਾਂ ਵੀ ਸੀਲ ਕਰ ਦਿੱਤੀਆਂ । ਇਸ ਵਕਤ ਜਨਰਲਸਿਟ ਯੂਨੀਅਨ ਦੇ ਰੌਲਾ ਪਾਉਣ ਕਰਕੇ ਕੈਰੋਂ ਨੂੰ ਝੁਕਣਾ ਪਿਆ ਤੇ ਹੁਕਮ ਵਾਪਸ ਲੈਣਾ ਪਿਆ । ਇਸ ਵਕਤ ਅਕਾਲੀ ਪਤ੍ਰਿਕਾ , ਸੇਵਕ , ਅੰਗਰੇਜ਼ੀ ਦੀ ਪੰਜਾਬ ਗਾਰਡੀਅਨ ਵੀ ਸੀਲ ਕੀਤੀ ਗਈ ਤੇ ਉਤੋਂ ਸਿਤਮ ਜ਼ਰੀਫੀ ਇਹ ਕਿ ਸ਼੍ਰੋਮਣੀ ਕਮੇਟੀ ਦੀ ਪ੍ਰੈਸ ਵੀ ਸੀਲ ਕੀਤੀ ਤਾਂ ਕਿ ਉਹ ਆਪਣਾ ਪੱਖ ਲੋਕਾਂ ਤੱਕ ਨ ਲੈ ਜਾਣ।ਇਸ ਸਾਰੇ ਕਾਸੇ ਪਿੱਛੇ ਮਨੋਰਥ ਇਕੋ ਸੀ ਕਿ ੧੨ ਜੂਨ ਦਾ ਜਲਸਾ ਨ ਹੋ ਸਕੇ। ਇੱਧਰ ਅਕਾਲੀਆਂ ਨੇ ਵੀ ਹੋਏ ਫੈਸਲੇ ਅਨੁਸਾਰ ੧੨ ਜੂਨ ਦੇ ਜਲਸੇ ਦੀ ਅਗਵਾਈ ਕਰਨ ਲਈ ਜੱਥਾ ਅਕਾਲ ਤਖ਼ਤ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਕਰਕੇ ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ ਦੀ ਅਗਵਾਈ ਥੱਲੇ ਟੁਰਿਆ।ਨਾਲ ਹਜ਼ਾਰਾਂ ਦੀ ਤਦਾਦ ਵਿੱਚ ਸੰਗਤ ਸੀ।ਜਦ ਇਹ ਜੱਥਾ ਸੰਗਰਾਣਾ ਸਾਹਿਬ ਪੁਜਾ ਤਾਂ ਪੁਲਿਸ ਨੇ ਬਿਨਾਂ ਵਾਰੰਟਾਂ ਤੋਂ ਟ੍ਰੈਫਿਕ ਨਿਯਮਾਂ ਦੀ ਆੜ ਵਿੱਚ ਇਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹਰ ਰੋਜ਼ ਅਕਾਲੀਆਂ ਦੇ ੧੧ ਸਿੰਘਾਂ ਦੇ ੮ ਜੱਥੇ ਵਾਰੋ ਵਾਰੀ ਅਕਾਲ ਤਖ਼ਤ ਸਾਹਿਬ ਤੇ ਅਰਦਾਸ ਕਰਕੇ ਟੁਰਦੇ ਤੇ ਪੁਲਿਸ ਉਹਨਾਂ ਨੂੰ ਗ੍ਰਿਫਤਾਰ ਕਰ ਲੈਂਦੀ। ੭ ਜੂਨ ਤੱਕ ੧੭੦੫ ਗ੍ਰਿਫ਼ਤਾਰੀਆਂ ਹੋ ਚੁਕੀਆਂ ਸਨ। ੮ ਜੂਨ ਨੂੰ ਪੰਜਾਬ ਬੰਦ ਦੇ ਅਕਾਲੀਆਂ ਦੇ ਸੱਦੇ ਨੂੰ ਸ਼ਹਿਰੀ ਪੱਧਰ ਤੇ ਵੀ ਵੱਡਾ ਹੁੰਗਾਰਾ ਪ੍ਰਾਪਤ ਹੋਇਆ। ਉਧਰ ਦਿੱਲੀ ਦੇ ਕਮਿਸ਼ਨਰ ਬੈਨਰਜੀ ਤੋਂ ੧੫ ਦਿਨ ਪਹਿਲਾਂ ਹੀ ੧੨ ਜੂਨ ਦੇ ਜਲਸੇ

ਦੀ ਇਜ਼ਾਜਤ ਵਾਸਤੇ ਦਰਖ਼ਾਸਤ ਦਿੱਤੀ ਹੋਈ ਸੀ ਜੋ ਉਸਨੇ ਪ੍ਰਧਾਨ ਮੰਤਰੀ ਨਹਿਰੂ ਦੀ ਘੁਰਕੀ ਕਰਕੇ ਨ ਮੰਜ਼ੂਰ ਕਰ ਦਿੱਤੀ। ੯-੧੨ ਜੂਨ ਤੱਕ ਬੱਸ ਅੱਡਿਆਂ, ਸਟੇਸ਼ਨ , ਦਿੱਲੀ ਪੰਜਾਬ ਦੀ ਸਰਹੱਦ ਤੋਂ ਹਜ਼ਾਰਾਂ ਦੀ ਤਦਾਦ ਵਿੱਚ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ੧੦ ਜੂਨ ਨੂੰ ਦਿੱਲੀ ਦੇ ਕਮਿਸ਼ਨਰ ਬੈਨਰਜੀ ਨੇ ਕਿਸੇ ਤਰ੍ਹਾਂ ਦਾ ਵੀ ਜਲੂਸ ਕੱਢਣ ਤੇ ਪਾਬੰਦੀ ਲਾ ਦਿੱਤੀ।

ਹਜ਼ਾਰਾਂ ਰੁਕਾਵਟਾਂ ਦੇ ਬਾਵਜੂਦ ਵੀ ੧੨ ਜੂਨ ਨੂੰ ਸੀਸ ਗੰਜ ਗੁਰਦੁਆਰਾ ਸਾਹਿਬ ਕੋਲ ਗਾਂਧੀ ਗਰਾਂਊਂਡ ਵਿਚ ਸਿੱਖਾਂ ਦਾ ਅਥਾਹ ਸਮੁੰਦਰ ਆਣ ਲੱਥਾ। ਜਲੂਸ ਸ਼ਾਮ ੪ ਵਜੇ ਨਿਕਲਣਾ ਸੀ। ਪੁਲਿਸ ਨੇ ਚੱਲ ਰਹੇ ਧਾਰਮਿਕ ਪ੍ਰੋਗ੍ਰਾਮ ਦੌਰਾਨ ਲਾਊਡ ਸਪੀਕਰ ਕਬਜ਼ੇ ਵਿਚ ਲੈ ਲਿਆ ਕਿ ਤੁਸੀਂ ਇਸਦੀ ਇਜ਼ਾਜਤ ਨਹੀਂ ਲਈ। ਕੋਤਵਾਲੀ ਵਿੱਚ ਵੀ ਵੱਡੀ ਤਦਾਦ ਵਿੱਚ ਪੁਲੀਸ ਸੀ । ਲਾਲ ਕਿਲ੍ਹੇ ਤੋਂ ਫਤਿਹਪੁਰੀ ਤੱਕ ਦੇ ਇਲਾਕੇ ਵਿੱਚ ਪੁਲਿਸ ਹੀ ਪੁਲਿਸ ਸੀ। ਸ਼ਾਮ ੪ ਵਜੇ ਹਰਬੰਸ ਸਿੰਘ ਫਰੰਟੀਅਰ ਦੀ ਅਗਵਾਈ ਥੱਲੇ ੪ ਸਿੱਖ ਕਾਲੇ ਚੋਲੇ ਪਾਕੇ , ਪਾਠ ਕਰਦਿਆਂ ਘੰਟਾਘਰ ਵਲ ਟੁਰੇ। ਇਹਨਾਂ ਪਿੱਛੇ ਬਾਕੀ ਸੰਗਤ ਵੀ ਟੁਰ ਪਈ। ਇਸ ਵਕਤ ਪੁਲਿਸ ਨੇ ਇਹਨਾਂ ਸਿੱਖਾਂ ਤੇ ਲਾਠੀ ਚਾਰਜ ਸ਼ੁਰੂ ਕਰ ਦਿੱਤਾ ।ਅੱਥਰੂ ਗੈਸ ਦੇ ਗੋਲੇ ਵੀ ਸੁਟੇ ਗਏ। ਪੁਲਿਸ ਨੇ ਕੋਈ ਸਿੱਖ ਨ ਬਖਸ਼ਿਆ। ਬਸ ਜਿਸ ਦੇ ਸਿਰ ਤੇ ਦਸਤਾਰ ਦਿਸੀ ਉਹਨੂੰ ਪਸ਼ੂਆਂ ਵਾਂਗ ਘੁਟਣ ਡਹਿ ਪਈ। ਇਕ ਮੌਲਵੀ ਜੀ ਵੀ ਸਿਰ ਤੇ ਬੰਨੀ ਪੱਗ ਕਰਕੇ ਪੁਲਿਸ ਦੀ ਕੁਟ ਦਾ ਸ਼ਿਕਾਰ ਬਣੇ। ਇਸ ਵਕਤ ਸਿੱਖ ਸਰੋਤਾਂ ਅਨੁਸਾਰ ੭ ਤੋਂ ੧੨ ਤੱਕ ਸਿੰਘਾਂ ਦੀ ਸ਼ਹਾਦਤ ਹੋਈ। ਹਜ਼ਾਰ ਬਾਰਾਂ ਸੌ ਜਖ਼ਮੀ ਹੋਇਆ। ਸੀਸ ਗੰਜ ਗੁਰਦੁਆਰਾ ਸਾਹਿਬ ਦੇ ਤਿੰਨ ਕਿਲੋਮੀਟਰ ਦੇ ਏਰੀਏ ਵਿੱਚ ਹਰ ਦਸਤਾਰਧਾਰੀ ਨੂੰ ਪੁਲਿਸ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ , ਕਿਉਂਕਿ ਉਹ ਸਿੱਖ ਸੀ ਤੇ ਸਿੱਖ ਦਾ ਮਤਲਬ ਪੰਜਾਬੀ ਸੂਬੇ ਦਾ

ਹਮਾਇਤੀ ਚਾਹੇ ਉਹ ਨ ਵੀ ਹੋਵੇ , ਪਰ ਪੁਲਿਸ ਦੀ ਨਜ਼ਰ ਵਿਚ ਜ਼ਰੂਰ ਸੀ।

ਸੰਗਤ ਸਿੰਘ ਅਨੁਸਾਰ ੨੫੮ ਲੋਕਾਂ ਦੀ ਲਾਪਤਾ ਹੋਣ ਦੀ ਸੂਚੀ ਵੀ ਛਪੀ ਸੀ ਤੇ ਜਿਸ ਬਾਰੇ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਪੁਲਿਸ ਨੇ ਉਹਨਾਂ ਲੋਕਾਂ ਦਾ , ਜਿਹੜੇ ਮਰ ਗਏ ਜਾਂ ਅਜੇ ਸਹਿਕਦੇ ਸਨ ਨਾਲ ਭਰੇ ਟਰੱਕ ਚੋਰੀ ਚੋਰੀ ਸਾੜ ਦਿੱਤੇ ਸਨ। ਸ਼ਾਮ ੭ ਵਜੇ ਪੁਲਿਸ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਨੂੰ ਸੀਲ ਕੀਤਾ;ਇਸ ਸਬੰਧੀ ਆਲ ਇੰਡੀਆ ਰੇਡੀਓ ਤੇ ਵੀ ਜਾਣਕਾਰੀ ਦਿੱਤੀ ਗਈ।ਪਰ ਫਿਰ ਸਿੱਖ ਕੌਮ ਦੇ ਰੋਹ ਤੋਂ ਡਰਦਿਆਂ ਗੁਰਦੁਆਰੇ ਦਾ ਦਰਵਾਜ਼ਾ ਖੋਲ ਦਿੱਤਾ। ਕਹਿੰਦੇ ਇਕ ਸਿੱਖ ਪ੍ਰੋਫੈਸਰ ਦੁਕਾਨ ਤੋਂ ਸੋਡਾ ਪੀ ਰਿਹਾ ਸੀ, ਪੁਲਿਸ ਆਲਿਆਂ ਨੇ ਉਸਨੂੰ ਵੀ ਕੁਟਨਾ ਸ਼ੁਰੂ ਕਰ ਦਿੱਤਾ।ਉਹ ਕਹਿੰਦਾ ਕਿ ਮੈਂ ਜਲੂਸ ਵਿੱਚ ਸ਼ਾਮਲ ਨਹੀਂ ਹਾਂ, ਮੈਂ ਤੇ ਇਕ ਪ੍ਰੋਫੈਸਰ ਹਾਂ। ਪੁਲਿਸ ਵਾਲਿਆਂ ਨੇ ਕੁਟਦਿਆਂ ਹੀ ਕਿਹਾ " ਤੁਮ ਪ੍ਰੋਫੈਸਰ ਹੋ ਜਾਂ ਕੁਛ ਔਰ, ਸਾਲੇ ਸਿੱਖ ਤੋ ਹੈ।"

ਇਹ ਤਸ਼ਦੱਦ ਬਾਰੇ ਨਿਊਯਾਰਕ ਟਾਈਮਜ਼ ਦੇ ਪੱਤਰਕਾਰ ਨੇ ਲਿਖਿਆ"ਮੇਰੀਆਂ ਅੱਖਾਂ ਸਾਹਮਣੇ ਬੇਗੁਨਾਹ ਸਿੱਖਾਂ ਨੂੰ ਬੇਰਹਿਮੀ ਨਾਲ ਕੁਟਿਆ ਮਾਰਿਆ ਗਿਆ।"

ਵਾਸ਼ਿੰਗਟਨ ਪੋਸਟ ਨੇ ਲਿਖਿਆ"ਪੁਲਿਸ ਨੇ ਗਰਾਉਂਡ ਵਿਚ ਵਿਚ ਵੜ ਕੇ ਸਿੱਖਾਂ ਨੂੰ ਕੁਟਿਆ ਮਾਰਿਆ।"

ਗਾਰਡੀਅਨ ਨੇ ਲਿਖਿਆ" ੧੨ ਜੂਨ ਦੀ ਘਟਨਾ ਪੰਡਤ ਨਹਿਰੂ ਦੀ ਦੇਖ ਰੇਖ ਵਿਚ ਹੋਈ।"

ਜਪਾਨ ਦੀ ਅਖ਼ਬਾਰ ਮੈਚੀਨੀ ਨੇ ਸਿੱਖਾਂ ਤੇ ਤਸ਼ੱਦਦ ਦੀ ਤਸਵੀਰ ਛਾਪ ਕੇ ਲਿਖਿਆ "ਭਾਰਤ ਦੀ ਪੁਲਿਸ ਨੇ ਸਿੱਖਾਂ ਨੂੰ ਇੰਝ ਕੁਟਿਆ ਜਿਵੇਂ ਅੰਗਰੇਜ਼ ਹਿੰਦੁਸਤਾਨੀਆਂ ਨੂੰ ਕੁਟਦਾ ਸੀ।"

ਯੂ ਐਨ ਓ ਤੇ ਹੋਰ ਮਨੁਖੀ ਅਧਿਕਾਰਾਂ ਦੇ ਮੁਹਾਫਜਾਂ ਨੇ ਭਾਰਤ ਸਰਕਾਰ ਦੇ ਇਸ ਐਕਸ਼ਨ ਦੀ ਅਲੋਚਨਾ ਕੀਤੀ । ਅਸਲ ਵਿੱਚ ਨਹਿਰੂ ਨੇ ਇਹ ਸਾਰਾ ਕੁਝ ਸਿੱਖਾਂ ਪ੍ਰਤੀ ਆਪਣੀ ਨਫ਼ਰਤ ਕੱਢਣ ਲਈ ਕੀਤਾ ਤੇ ਉਸਦੀ ਇਸ ਕਰਤੂਤ ਦੀ ਪੂਰੀ ਹਮਾਇਤ ਪੰਜਾਬ ਦੀ ਮਹਾਸ਼ਾ ਪ੍ਰੈਸ ਨੇ ਕੀਤੀ ਸੀ।

ਅਸੀਂ ਅਕਾਲੀ ਲਹਿਰ ਦੇ ਪੰਜਾਬੀ ਸੂਬੇ ਦੇ ੧੨ ਜੂਨ ੧੯੬੦ ਦੇ ਸ਼ਹੀਦਾਂ ਨੂੰ ਖਾਲਸਾਈ ਸਲਾਮ ਕਰਦੇ ਹਾਂ।

Scanned with CamScanner





Sri Satguru Jagjit Singh Ji eLibrary NamdhariElibrary@gmail.com